# Vaccine hand over to Thailand under Quad Vaccine Partnership

April 21, 2022

## ਕਵਾਡ ਵੈਕਸੀਨ ਭਾਈਵਾਲੀ ਤਹਿਤ ਥਾਈਲੈਂਡ ਨੂੰ ਵੈਕਸੀਨ ਸੌਂਪੀ ਗਈ

**21 ਅਪ੍ਰੈਲ, 2022**

ਕਵਾਡ ਦੀ ਪ੍ਰਮੁੱਖ ਵੈਕਸੀਨ ਭਾਈਵਾਲੀ ਦੇ ਤਹਿਤ ਭਾਰਤੀ ਰਾਜਦੂਤ ਮਹਾਮਹਿਮ ਸ੍ਰੀਮਤੀ ਸੁਚਿਤਰਾ ਦੁਰਈ, ਆਸਟਰੇਲਿਆਈ ਰਾਜਦੂਤ ਮਹਾਮਹਿਮ ਸ਼੍ਰੀ ਐਲਨ ਮੈਕਕਿਨ, ਜਾਪਾਨੀ ਰਾਜਦੂਤ ਮਹਮਹਿਮ ਸ੍ਰੀਮਾਨ ਨਸ਼ਿਦਾ ਕਾਜ਼ੂਆ ਅਤੇ ਸੰਯੁਕਤ ਰਾਜ ਅਮਰੀਕਾ ਦੇ ਚਾਰਜ ਡੀ ਅਫੇਅਰਜ਼ ਮਹਾਮਹਿਮ ਸ਼੍ਰੀ ਜੇਮਸ ਵੇਮੈਨ ਥਾਈਲੈਂਡ ਨੇ ਸਾਂਝੇ ਤੌਰ 'ਤੇ ਥਾਈਲੈਂਡ ਨੂੰ COVID ਟੀਕਿਆਂ ਦੀ ਖੇਪ ਸੌਂਪੀ। ਭਾਰਤ ਅੰਦਰ ਬਣੇ ਕੋਵੋਵੈਕਸ ਵੈਕਸੀਨ ਦੀਆਂ 200,000 ਖੁਰਾਕਾਂ ਵਾਲੀ ਖੇਪ ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਅਤੇ ਜਨ ਸਹਿਤ ਮੰਤਰੀ ਸ੍ਰੀ ਅਨੁਤਨਿ ਚਾਰਨਵੀਰਕੁਲ ਨੂੰ 21 ਅਪ੍ਰੈਲ, 2022 ਨੂੰ ਬੈਂਕਾਕ ਵਿੱਚ ਭੇਟਾ ਕੀਤੀ ਗਈ। 12 ਅਪ੍ਰੈਲ, 2022 ਨੂੰ ਕੰਬੋਡੀਆ ਨੂੰ ਦਿੱਤੇ ਗਈ ਪਹਿਲੀ ਡਲਿਵਰੀ ਤੋਂ ਬਾਅਦ ਇਹ ਕਵਾਡ ਵੈਕਸੀਨ ਭਾਈਵਾਲੀ ਤਹਿਤ ਭਾਰਤ ਦੁਆਰਾ ਡਲੀਵਰ ਕੀਤੀ ਗਈ ਵੈਕਸੀਨ ਦੀ ਦੂਜੀ ਖੇਪ ਹੈ, ਜੋ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ  ਮੋਦੀ ਦੀ ਵਾਸ਼ਿੰਗਟਨ DC ਵਿੱਚ ਸਤੰਬਰ 2021 ਵਿੱਚ ਹੋਈ ਕਵਾਡ ਲੀਡਰਜ਼ ਸਮਟਿ ਦੌਰਾਨ ਕੀਤੀ ਗਈ ਵਚਨਬੱਧਤਾ ਨੂੰ ਪੂਰਾ ਕਰਨ ਦੇ ਸਲਿਸਲਿੇ 'ਚ ਕੀਤੀ ਗਈ ਹੈ ਕਿ ਭਾਰਤ ਹਿੰਦ-ਪ੍ਰਸ਼ਾਂਤ ਦੇਸ਼ਾਂ ਨੂੰ COVID  ਵੈਕਸੀਨ ਦੀਆਂ 500,000 ਖੁਰਾਕਾਂ ਦਾਨ ਕਰੇਗਾ।

ਕੁਆਡ ਵੈਕਸੀਨ ਭਾਈਵਾਲੀ ਦਾ ਐਲਾਨ ਕੁਆਡ ਲੀਡਰਾਂ ਨੇ 12 ਮਾਰਚ, 2021 ਨੂੰ ਹੋਏ ਆਪਣੇ ਪਹਿਲੇ  ਸਿਖਰ ਸੰਮੇਲਨ ਦੌਰਾਨ ਕੀਤਾ ਸੀ ਤਾਂ ਜੋ ਸੁਰੱਖਿਅਤ, ਕਾਰਗਰ ਅਤੇ ਵਧੀਆ ਟੀਕਿਆਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਲਈ ਕਵਾਡ ਦੀ ਸਮੂਹਕਿ ਤਾਕਤ ਦਾ ਲਾਹਾ ਲਿਆ ਜਾ ਸਕੇ।

ਕਵਾਡ ਦੇਸ਼ਾਂ ਨੇ ਹੁਣ ਤੱਕ ਥਾਈਲੈਂਡ ਨੂੰ COVID -19 ਵੈਕਸੀਨ ਦੀਆਂ 45 ਲੱਖ ਖੁਰਾਕਾਂ ਮੁਹੱਈਆ ਕਰਵਾਈਆਂ ਹਨ। ਕਵਾਡ ਦੇਸ਼ਾਂ ਨੇ ਆਖਰੀ ਕੋਨੇ ਤੱਕ ਡਲਿਵਿਰੀ ਸਹਾਇਤਾ ਅਤੇ ਮਾਇਕ ਸਹਾਇਤਾ ਪ੍ਰਦਾਨ ਕੀਤੀ ਹੈ ਤਾਂ ਜੋ ਅਸਕ ਵਿੱਚ ਟੀਕਿਆਂ ਦਾ ਇਸਤੇਮਾਲ ਹੋ ਸਕੇ. ਆਸਟ੍ਰੇਲੀਆ ਥਾਈਲੈਂਡ ਨੂੰ ਇਸਦੀ ਆਬਾਦੀ ਨੂੰ ਸੁਰੱਖਿਅਤ ਅਤੇ ਕਾਰਗਰ ਢੰਗ ਨਾਲ ਵੈਕਸੀਨ ਪ੍ਰਦਾਨ ਵਿੱਚ ਇਸਦੀ ਮਦਦ ਕਰ ਰਹਿਾ ਹੈ, ਜਸਿ ਵਿੱਚ ਪ੍ਰਵਾਸੀ ਆਬਾਦੀ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਡਾਟਾ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ ਅਤੇ ਸੰਚਾਰ ਰਣਨੀਤੀਆਂ ਨੂੰ ਵਕਿਸਤਿ ਕਰਨਾ ਸ਼ਾਮਲ ਹੈ। ਭਾਰਤ ਨੇ ਆਕਸੀਜਨ ਕੰਸੈਂਟਰੇਟਰ ਅਤੇ ਜ਼ਰੂਰੀ ਦਵਾਈਆਂ ਦੇਕੇ ਥਾਈਲੈਂਡ ਨੂੰ ਮਹਾਂਮਾਰੀ ਨਾਲ ਲੜਨ ਵਾਸਤੇ ਇਸਦੀ ਆਪਣੀ ਸਮਰੱਥਾ ਵਧਾਉਣ ਵਿੱਚ ਇਸਦੀ ਮਦਦ ਕੀਤੀ। ਜਾਪਾਨ ਨੇ 'ਲਾਸਟ ਵਨ ਮਾਈਲ ਸਪੋਰਟ' ਰਾਹੀ ਬੀਮਾਰੀ ਦੇ ਇਲਾਜ ਲਈ ਆਕਸੀਜਨ ਕੰਸੈਂਟਰੇਟਰ ਅਤੇ ਵੈਕਸੀਨ ਸਟੋਰੇਜ ਅਤੇ ਟ੍ਰਾਂਸਪੋਰਟ ਲਈ ਵਧੀਆ ਉਪਕਰਨ ਮੁਹੱਈਆ ਕਰਵਾਏ ਹਨ। ਸੰਯੁਕਤ ਰਾਜ ਅਮਰੀਕਾ ਨੇ ਨਗਿਰਾਨੀ ਅਤੇ ਸੰਪਰਕ ਟਰੇਸਗਿ, ਕੇਸ ਦੀ ਜਾਂਚ, ਸਹਿਤ ਸੰਭਾਲ ਕਰਮਚਾਰੀਆਂ ਦੀ ਸਖਿਲਾਈ ਅਤੇ ਡੇਟਾ ਪ੍ਰਬੰਧਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਹੈ।

ਥਾਈਲੈਂਡ ਦੀ ਸਰਕਾਰ ਨੇ ਕਵਾਡ ਤੋਂ ਮਲਿੇ ਟੀਕਿਆਂ ਲਈ ਅਤੇ ਥਾਈਲੈਂਡ ਨੂੰ ਦਿੱਤੇ ਗਈ ਸਮੂਹਕਿ ਸਹਾਇਤਾ ਲਈ ਇਸਦੀ ਸ਼ਲਾਘਾ ਕੀਤੀ ਹੈ। ਕਵਾਡ ਦੇਸ਼ਾਂ ਨੇ ਥਾਈਲੈਂਡ ਨੂੰ ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਹਰ ਸੰਭਵ ਸਹਾਇਤਾ ਦੇਣ ਦੀ ਆਪਣੀ ਇੱਛਾ ਬਾਰੇ ਭਰੋਸਾ ਦਿੱਤਾ ਹੈ।

ਨਵੀਂ ਦਿੱਲੀ
21 ਅਪ੍ਰੈਲ, 2022

DISCLAIMER: This is an approximate translation. The original is available in English on MEA’s website and may be referred to as the official press release.